# SUBJECT : PUNJABI

## SUBJECT CODE : 018

## CLASS – X (2026-27)

| | |
|---|---|
| ਲਿਖਤੀ ਪਰੀਖਿਆ | 80 ਅੰਕ |
| ਆਂਤਰਿਕ ਮੁਲਾਂਕਣ | 20 ਅੰਕ |
| ਕੁੱਲ ਅੰਕ | 100 |

*ਲਿਖਤੀ ਪਰੀਖਿਆ ਲਈ ਸਮਾਂ 3 ਘੰਟੇ*

## ਪੰਜਾਬੀ ਭਾਸ਼ਾ ਸਿੱਖਣ ਦੇ ਉਦੇਸ਼

ਪੰਜਾਬੀ ਭਾਸ਼ਾ ਦੀ ਕਾਰਜ-ਪ੍ਰਨਾਲ਼ੀ ਨੂੰ ਸਮਝ ਕੇ ਉਸ ਦੀ ਢੁਕਵੀਂ ਵਰਤੋਂ ਦੇ ਯੋਗ ਬਣਾਉਣਾ ਤੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ-ਕਵਿਤਾ, ਇਕਾਂਗੀ, ਕਹਾਣੀ ਅਤੇ ਵਾਰਤਕ ਤੋਂ ਜਾਣੂ ਕਰਾਉਣਾ ਤਾਂ ਕਿ ਵਿਦਿਆਰਥੀ ਭਾਸ਼ਾ ਦੇ ਵੱਖ-ਵੱਖ ਕੌਸ਼ਲਾਂ ਵਿੱਚ ਨਿਪੁੰਨ ਹੋ ਕੇ ਆਪਣੀ ਬਹੁ-ਪੱਖੀ ਪ੍ਰਤਿਭਾ ਦਾ ਵਿਕਾਸ ਕਰ ਸਕਣ। ਪੰਜਾਬੀ ਭਾਸ਼ਾ ਸਿੱਖਿਆ ਦਾ ਮੂਲ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤਕ ਵਿਰਸੇ ਨਾਲ਼ ਜੋੜਨਾ ਹੈ।

### 1. ਸਲਾਨਾ ਲਿਖਤੀ ਪਰੀਖਿਆ

**(Year End Written Exam - 80)**

| ਇਕਾਈ /ਸਿੱਖਣ ਦਾ ਖੇਤਰ | ਅੰਕ |
|---|---|
| **ਭਾਸ਼ਾ**<br>(ੳ) ਅਡਵਾਂਸ ਪੜ੍ਹਨ-ਕੌਸ਼ਲ | 10 |
| (ਅ) ਵਿਆਕਰਨ | 12 |
| (ੲ) ਪ੍ਰਭਾਵਸ਼ਾਲੀ ਲਿਖਣ-ਕੌਸ਼ਲ | 18 |
| **ਸਾਹਿਤ** (ਪਾਠ-ਪੁਸਤਕਾਂ 'ਤੇ ਆਧਾਰਿਤ) | 40 |

### 2. ਆਂਤਰਿਕ ਮੁਲਾਂਕਣ

**(Internal Assesement - 20)**

| | |
|---|---|
| **ਕਿਰਿਆਤਮਿਕ ਕੰਮ**<br>**(Activity/Assignment)** | 20 |

# ਪੰਜਾਬੀ— 018
# X (ਦਸਵੀਂ)
## ਸਲਾਨਾ ਪਰੀਖਿਆ ਲਈ ਪਾਠ-ਕ੍ਰਮ ਅਤੇ ਅੰਕ-ਵੰਡ

**ਕੁੱਲ ਅੰਕ 80**

| | | |
|---|---|---|
| **I.** | **ਪੜ੍ਹਨ-ਕੌਸ਼ਲ (Reading Skill)** | **10** |
| | 1. **ਅਣਡਿੱਠਾ ਪੈਰਾ** (ਵਾਰਤਕ) 200-250 ਸ਼ਬਦਾਂ ਵਿੱਚ (6 **ਬਹੁਵਿਕਲਪੀ ਪ੍ਰਸ਼ਨ**) | (6X1)=6 |
| | 2. **ਅਣਡਿੱਠੀ ਕਾਵਿ ਟੁਕੜੀ ਨਾਲ਼ ਸੰਬੰਧਿਤ** (ਚਾਰ ਪ੍ਰਸ਼ਨ) | (4X1)=4 |
| **II.** | **ਵਿਆਕਰਨ (Grammar)** *(ਬਹੁ-ਵਿਕਲਪੀ ਅਤੇ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ)* | **12** |
| | 3. **ਸਮਾਸੀ ਸ਼ਬਦ** *(ਬਹੁ-ਵਿਕਲਪੀ)* *ਚੋਣ ਆਧਾਰਿਤ* | 2X1=2 |
| | 4. **ਬਹੁ-ਅਰਥਕ** *(ਬਹੁ-ਵਿਕਲਪੀ)* *ਚੋਣ ਆਧਾਰਿਤ* | 2X1=2 |
| | 5. **ਕਿਰਿਆ ਵਿਸ਼ੇਸ਼ਣ** *(ਬਹੁ-ਵਿਕਲਪੀ)* *ਚੋਣ ਆਧਾਰਿਤ* | 2X1=2 |
| | 6. **ਅਗੇਤਰ-ਪਿਛੇਤਰ** *(ਸ਼ਬਦ ਬਣਾਉਣਾ)* | 2X1=2 |
| | 7. **ਮੁਹਾਵਰੇ (ੳ ਤੋਂ ਝ ਤੱਕ)** *(ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰਨਾ)* ***ਚੋਣ ਆਧਾਰਿਤ*** | 4X1=4 |
| **III.** | **ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Writing Skill)** | **18** |
| | 8. ਲੇਖ-ਰਚਨਾ (ਵਿਚਾਰ-ਪ੍ਰਧਾਨ ਅਤੇ ਆਮ ਵਿਸ਼ੇ) 200 **ਸ਼ਬਦ** (**ਤਿੰਨ ਲੇਖ ਚੋਣ ਆਧਾਰਿਤ**—ਨੁਕਤਿਆਂ ਸਹਿਤ) | 08 |
| | 9. ਪੱਤਰ-ਰਚਨਾ (ਨਿੱਜੀ ਤੇ ਬਿਨੈ-ਪੱਤਰ) (**ਦੋ ਪੱਤਰ ਚੋਣ ਆਧਾਰਿਤ**—ਨੁਕਤਿਆਂ ਸਹਿਤ) | 06 |
| | 10. **ਚਿੱਤਰ** (ਫੋਟੋ)/**ਤਸਵੀਰ** (ਦ੍ਰਿਸ਼) ਦੇ ਆਧਾਰ 'ਤੇ ਵਰਨਣ (50 **ਸ਼ਬਦਾਂ ਵਿੱਚ**) | 04 |
| **IV.** | **ਪਾਠ-ਪੁਸਤਕਾਂ 'ਤੇ ਆਧਾਰਿਤ (Text Books)** | **40** |
| | **ਅਤਿ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ** (1 ਅੰਕ ਵਾਲ਼ੇ) | |
| | 11. **ਕਹਾਣੀ ਤੇ ਵਾਰਤਕ ਵਿੱਚੋਂ (ਬਹੁਵਿਕਲਪੀ)** ***ਚੋਣ ਆਧਾਰਿਤ*** | 5X1=5 |
| | 12. **ਕਵਿਤਾ ਤੇ ਇਕਾਂਗੀ ਵਿੱਚੋਂ (ਬਹੁਵਿਕਲਪੀ)** ***ਚੋਣ ਆਧਾਰਿਤ*** | 5X1=5 |
| | 13. **ਕਹਾਣੀ ਤੇ ਵਾਰਤਕ ਵਿੱਚੋਂ (ਇੱਕ ਜਾਂ ਦੋ ਸ਼ਬਦਾਂ ਵਾਲ਼ੇ, ਚੋਣ ਆਧਾਰਿਤ)** | 4X1=4 |
| | **ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ** (2 ਅੰਕ ਵਾਲ਼ੇ) | |
| | 14. **ਕਹਾਣੀ, ਇਕਾਂਗੀ ਤੇ ਵਾਰਤਕ ਵਿੱਚੋਂ** (25 ਤੋਂ 30 **ਸ਼ਬਦਾਂ ਵਿੱਚ**) **ਚੋਣ ਆਧਾਰਿਤ** | (7X2)=14 |
| | **ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ** (4 ਅੰਕ ਵਾਲ਼ੇ) | |
| | 15. **ਕਵਿਤਾ ਤੇ ਵਾਰਤਕ ਵਿਚੋਂ (50 ਤੋਂ 60 ਸ਼ਬਦਾਂ ਵਿੱਚ)** *(ਚੋਣ ਆਧਾਰਿਤ)* | (2X4)=8 |
| | 16. **ਇਕਾਂਗੀ 'ਚੋ ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ (50 ਤੋਂ 60 ਸ਼ਬਦਾਂ ਵਿੱਚ)** *(ਚੋਣ ਆਧਾਰਿਤ)* | (1X4)=4 |

*ਨਿਰਧਾਰਿਤ ਪਾਠ-ਪੁਸਤਕਾਂ*

## 1. ਸਾਹਿਤ-ਮਾਲ਼ਾ : 10 (ਪੰਜਾਬੀ ਕਵਿਤਾ ਤੇ ਵਾਰਤਕ)

## (ਪ੍ਰਕਾਸ਼ਕ - ਪੰਜਾਬ ਸਕੂਲ ਸਿੱਖਿਆ ਬੋਰਡ)

***ਕਾਵਿ-ਰਚਨਾਵਾਂ*** —
1. **ਸੋ ਕਿਉ ਮੰਦਾ ਆਖੀਐ** (ਗੁਰ ਨਾਨਕ ਦੇਵ ਜੀ)
2. **ਕਿਰਪਾ ਕਰਿ ਕੈ ਬਖਸਿ ਲੈਹੁ** (ਗੁਰੂ ਅਮਰਦਾਸ ਜੀ)
3. **ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ** (ਗੁਰੂ ਅਰਜਨ ਦੇਵ ਜੀ)
4. **ਸਤਿਗੁਰ ਨਾਨਕ ਪ੍ਰਗਟਿਆ** (ਭਾਈ ਗੁਰਦਾਸ ਜੀ)
5. **ਜੰਗ ਦਾ ਹਾਲ** (ਸ਼ਾਹ ਮੁਹੰਮਦ)

***ਵਾਰਤਕ*** —
1. **ਘਰ ਦਾ ਪਿਆਰ** (ਪ੍ਰਿੰ. ਤੇਜਾ ਸਿੰਘ)
2. **ਬੋਲੀ** (ਸ. ਗੁਰਬਖ਼ਸ਼ ਸਿੰਘ)
3. **ਪ੍ਰਾਰਥਨਾ** (ਡਾ. ਬਲਬੀਰ ਸਿੰਘ)
4. **ਮੇਰੇ ਵੱਡੇ-ਵਡੇਰੇ** (ਗਿਆਨੀ ਗੁਰਦਿੱਤ ਸਿੰਘ)
5. **ਤੁਰਨ ਦਾ ਹੁਨਰ** (ਡਾ. ਨਰਿੰਦਰ ਸਿੰਘ ਕਪੂਰ)

## 2. ਵੰਨਗੀ 10 (ਪੰਜਾਬੀ ਕਹਾਣੀਆਂ ਤੇ ਇਕਾਂਗੀ)

## (ਪ੍ਰਕਾਸ਼ਕ - ਪੰਜਾਬ ਸਕੂਲ ਸਿੱਖਿਆ ਬੋਰਡ)

***ਕਹਾਣੀਆਂ*** —
1. **ਕੁਲਫ਼ੀ** (ਸੁਜਾਨ ਸਿੰਘ)
2. **ਅੰਗ-ਸੰਗ** (ਵਰਿਆਮ ਸਿੰਘ ਸੰਧੂ)
3. **ਧਰਤੀ ਹੇਠਲਾ ਬਲ਼ਦ** (ਕੁਲਵੰਤ ਸਿੰਘ ਵਿਰਕ)

***ਇਕਾਂਗੀ*** —
1. **ਜ਼ਫ਼ਰਨਾਮਾ** (ਡਾ. ਹਰਚਰਨ ਸਿੰਘ)
2. **ਦੂਜਾ ਵਿਆਹ** (ਸੰਤ ਸਿੰਘ ਸੇਖੋਂ)

**ਨਿਰਧਾਰਿਤ ਪਾਠ-ਪੁਸਤਕਾਂ : 1. ਸਾਹਿਤ ਮਾਲ਼ਾ : 10 (ਪੰਜਾਬ ਸਕੂਲ ਸਿੱਖਿਆ ਬੋਰਡ)**
**2. ਵੰਨਗੀ 10 (ਪੰਜਾਬ ਸਕੂਲ ਸਿੱਖਿਆ ਬੋਰਡ)**

# **ਦਸਵੀਂ ਜਮਾਤ ਵਿੱਚ ਪੰਜਾਬੀ ਵਿਸ਼ੇ ਦੀਆਂ ਗਤੀਵਿਧੀਆਂ ਅਤੇ ਮੁਲਾਂਕਣ**
# **Guidelines for Activities and Evaluation**

ਪਾਠ-ਕ੍ਰਮ ਦਾ ਉਦੇਸ਼ ਵਿਦਿਆਰਥੀਆਂ ਦੀ ਛਿਪੀ ਹੋਈ ਪ੍ਰਤਿਭਾ ਨੂੰ ਬਾਹਰ ਲਿਆਉਣਾ ਹੈ, ਇਸ ਲਈ ਬੋਰਡ ਵੱਲੋਂ **ਸਲਾਨਾ ਪਰੀਖਿਆ** ਦੇ ਨਾਲ਼-ਨਾਲ਼ **ਆਂਤਰਿਕ ਮੁਲਾਂਕਣ** ਲਈ 20 **ਅੰਕ ਰਾਖਵੇਂ** ਰੱਖੇ ਗਏ ਹਨ। ਜਿਸ ਦੇ ਤਹਿਤ—

| | |
|---|---|
| 5 **ਅੰਕ** | **ਸਭ ਤੋਂ ਚੰਗੇ ਦੋ ਨਿਯਮਤ (ਪਰੀਓਡਿਕ) ਟੈੱਸਟਾਂ ਦਾ ਔਸਤ** |
| 5 **ਅੰਕ** | **ਬਹੁ-ਭਾਂਤੀ ਮੁਲਾਂਕਣ** |
| 5 **ਅੰਕ** | **ਪੋਰਟਫੋਲੀਓ** |
| 5 **ਅੰਕ** | **ਵਿਸ਼ਾ ਆਧਾਰਿਤ ਅਗਾਂਹਵਧੂ ਗਤੀਵਿਧੀਆਂ** |

ਇਹਨਾਂ ਗਤੀਵਿਧੀਆਂ ਦਾ ਮੁਲਾਂਕਣ ਵਿਸ਼ੇ ਨਾਲ਼ ਸੰਬੰਧਿਤ ਅਧਿਆਪਕ ਤੇ ਸਕੂਲ ਮੁਖੀ ਵੱਲੋਂ ਨਿਰਧਾਰਿਤ ਨਿਗਰਾਨ ਅਧਿਆਪਕ ਦੀ ਨਿਗਰਾਨੀ ਵਿੱਚ **ਪੜ੍ਹਨ-ਸੰਬੰਧੀ (Comprehension)**, **ਲਿਖਣ ਕੌਸ਼ਲ (Writing Skill)**, **ਬੋਲਣ ਕੌਸ਼ਲ (Speaking Skill)** ਅਨੁਸਾਰ ਕੀਤਾ ਜਾਵੇਗਾ।

<table>
<tr><th colspan="2">ਦਿਵਯਾਂਗ ਵਿਦਿਆਰਥੀਆਂ ਲਈ</th></tr>
<tr><td>ਜੇਕਰ ਵਿਦਿਆਰਥੀ ਨਾ ਬੋਲ ਸਕਦਾ ਹੈ ਤੇ ਨਾ ਹੀ ਸੁਣ ਸਕਦਾ ਹੈ।<br>ਜਾਂ<br>ਕੇਵਲ ਸੁਣ ਸਕਦਾ ਹੈ ਪਰ ਬੋਲ ਨਹੀਂ ਸਕਦਾ।<br>ਜਾਂ<br>ਕੇਵਲ ਬੋਲ ਸਕਦਾ ਹੈ ਪਰ ਸੁਣ ਨਹੀਂ ਸਕਦਾ।</td><td>ਵਿਦਿਆਰਥੀ ਦੇ ਬੋਲਣ ਤੇ ਸੁਣਨ ਕੌਸ਼ਲ ਲਈ ਉਹ ਆਪਣੇ ਮਨਪਸੰਦ ਵਿਸ਼ੇ 'ਤੇ ਕੋਈ ਵੀ ਕਹਾਣੀ ਲਿਖ ਸਕਦਾ ਹੈ। ਜਿਸ ਰਾਹੀਂ ਉਸ ਦੀ ਸਿਰਜਣਾਤਮਿਕ ਤੇ ਕਲਪਨਾ ਸ਼ਕਤੀ ਦਾ ਨਿਰੀਖਣ ਕੀਤਾ ਜਾ ਸਕਦਾ ਹੈ।<br>ਸ਼ਬਦਾਂ ਦੀ ਸੀਮਾ<br>ਦਸਵੀਂ ਜਮਾਤ ਲਈ 250-300 ਸ਼ਬਦ</td></tr>
</table>

# ਸੁਝਾਅ

| | ਵਿਸ਼ਾ | ਮੁਲਾਂਕਣ ਵਿਧੀ |
|---|---|---|
| 1. | ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਨਿਰਧਾਰਿਤ ਰੂਪ-ਰੇਖਾ | 1. ਸ਼ਬਦ-ਭੰਡਾਰ<br>2. ਰਚਨਾਤਮਕ<br>3. ਪੇਸ਼ਕਾਰੀ |
| 2. | ਪੰਜਾਬੀ ਭਾਸ਼ਾ ਨੂੰ ਬੋਲਣ ਤੇ ਲਿਖਣ ਦੀ ਕਲਾ ਨੂੰ ਨਿਖਾਰਨਾ | 1. ਭਾਸ਼ਾ ਦੀ ਸੂਝ-ਬੂਝ<br>2. ਸਵੈ-ਭਰੋਸਾ<br>3. ਹੁਨਰ ਦੀ ਪਰਖ<br>4. ਪੇਸ਼ਕਾਰੀ |
| 3. | ਵਿਦਿਆਰਥੀ ਦਾ ਆਪਣੇ ਸਹਿਪਾਠੀਆਂ ਨਾਲ਼ ਵਰਤਾਓ। ਸਥਿਤੀ ਤੇ ਨੈਤਿਕਤਾ | 1. ਪੇਸ਼ਕਾਰੀ ਦਾ ਹੁਨਰ<br>2. ਰਚਨਾਤਮਿਕਤਾ<br>3. ਵਿਸ਼ੇ ਨੂੰ ਗ੍ਰਹਿਣ ਕਰਨ ਦੀ ਸੂਝ<br>4. ਸ਼ਬਦਾਵਲੀ<br>5. ਵਿਅਕਤੀਗਤ ਉੱਤਮਤਾ |
| 4. | ਸਕੂਲ ਦੇ ਰਸਾਲੇ ਜਾਂ ਕਿਸੇ ਹੋਰ ਮਾਧਿਅਮ ਲਈ ਰਚਨਾਤਮਿਕ ਕਾਰਜ | 1. ਭਾਸ਼ਾ-ਗਿਆਨ<br>2. ਸ਼ਬਦ-ਭੰਡਾਰ<br>3. ਪ੍ਰਭਾਵਸ਼ਾਲੀ ਲਿਖਤ<br>4. ਰਚਨਾਤਮਿਕਤਾ |
| 5. | ਵਿਦਿਆਰਥੀ ਦੇ ਗਿਆਨ ਗ੍ਰਹਿਣ ਕਰਨ ਦੇ ਸ੍ਰੋਤ। ਜਿਵੇਂ— ਪਾਠ-ਪੁਸਤਕਾਂ, ਇੰਟਰਨੈਟ ਅਤੇ ਹੋਰ ਸ੍ਰੋਤ | 1. ਮੌਲਿਕਤਾ<br>2. ਰਚਨਾਤਮਿਕ<br>3. ਤਰਕ ਭਰਪੂਰ ਯੋਗਤਾ |

| | | |
|---|---|---|
| 6. | **ਕਿਸੇ ਵੀ ਲਿਖਤੀ ਅੰਸ਼ ਨੂੰ ਕਾਰਟੂਨ/ਚਲ-ਚਿੱਤਰ (ਫਿਲਮ) ਤਸਵੀਰ ਰਾਹੀਂ** | 1. ਮੌਲਿਕਤਾ<br>2. ਨਿਰੰਤਰਤਾ<br>3. ਕਲਪਨਾ<br>4. ਪੇਸ਼ਕਾਰੀ (ਹਾਵ-ਭਾਵ ਰਾਹੀਂ) |
| 7. | **ਭਾਸ਼ਾ ਉਚਾਰਨ : ਅਰਥ ਭਰਪੂਰ, ਉਚਾਰਨ ਢੰਗ, ਵਾਕ-ਬਣਤਰ**<br>1. ਵਿਅਕਤੀ<br>2. ਸਮੂਹ ਵਿੱਚ | 1. ਠੀਕ ਸ਼ਬਦਾਵਲੀ ਦਾ ਪ੍ਰਯੋਗ ਕਰਨਾ<br>2. ਠੀਕ ਵਾਕ ਬਣਾਉਣਾ<br>3. ਸਹੀ ਸ਼ਬਦ ਚੋਣ<br>4. ਸਹੀ ਬੋਲਚਾਲ |
| 8. | **ਤੁਰੰਤ ਦਿੱਤੇ ਵਿਸ਼ੇ 'ਤੇ ਬੋਲਣਾ (ਪਾਠ-ਕ੍ਰਮ ਜਾਂ ਆਮ ਜੀਵਨ 'ਚੋਂ)** | 1. ਗ੍ਰਹਿਣ ਕਰਨਾ<br>2. ਕਲਪਨਾ<br>3. ਪੇਸ਼ਕਾਰੀ<br>4. ਵਿਚਾਰ ਪ੍ਰਗਟਾਅ<br>5. ਸਵੈ-ਭਰੋਸਾ<br>6. ਸਮੁੱਚਾ ਪ੍ਰਭਾਵ |

## ਸੁਝਾਈਆਂ ਗਤੀਵਿਧੀਆਂ (Suggested Activities)

**1. ਸੁਲੇਖ**
**2. ਕਵਿਤਾ ਉਚਾਰਨ ਜ਼ਬਾਨੀ)**
**3. ਭਾਸ਼ਣ ਮੁਕਾਬਲਾ**
**4. ਵਾਦ-ਵਿਵਾਦ**
**5. ਕੁਇਜ਼ (ਪ੍ਰਸ਼ਨੋਤਰੀ)**
**6. ਨਾਟਕ ਮੰਚਣ**
**7. ਦਿਨ-ਤਿਉਹਾਰ ਬਾਰੇ ਜਾਣਕਾਰੀ**
**8. ਲੋਕ-ਗੀਤ**
**9. ਪੁਰਾਤਨ ਸੱਭਿਆਚਾਰ ਬਾਰੇ ਜਾਣਕਾਰੀ**
**10. ਚਲੰਤ ਘਟਨਾਵਾਂ ਦਾ ਵਰਣਨ**

**ਨੋਟ—** 1. ਵਿਦਿਆਰਥੀ ਦਾ ਮੁਲਾਂਕਣ ਉਪਰੋਕਤ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤਾ ਜਾਵੇ।

2. ਮੁਲਾਂਕਣ ਵਿਸ਼ੇ ਨਾਲ਼ ਸੰਬੰਧਿਤ ਅਧਿਆਪਕ ਤੇ ਸਕੂਲ ਮੁਖੀ ਵੱਲੋਂ ਨਿਰਧਾਰਤ ਨਿਗਰਾਨ ਅਧਿਆਪਕ ਦੀ ਨਿਗਰਾਨੀ ਹੇਠ ਹੋਵੇਗਾ।